# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।

# ਪ੍ਰੈਸ ਨੋਟ

## ਹੈਰੀਟੇਜ਼ ਬਿੰਲਡਿਗ ਵਿਚ ਹੁਣ ਚੱਲੇਗੀ ਆਧੁਨਿਕ ਲਾਇਬ੍ਰੇਰੀ... ਤਿਕਸ਼ਨ ਸੂਦ

## ਲਾਇਬ੍ਰੇਰੀ ਦੇ ਨਵੀਨੀਕਰਨ ਦਾ ਤਿਕਸ਼ਨ ਸੂਦ ਨੇ ਲਿਆ ਜਾਇਜਾ

ਹੁਸ਼ਿਆਰਪੁਰ 18 ਮਈ- ਨਗਰ ਨਿਗਮ ਹੁਸ਼ਿਆਰਪੁਰ ਦੀ ਘੰਟਾ ਘਰ ਦੇ ਨਜਦੀਕ ਸਥਿਤ ਮਿਊਂਸਪਲ ਲਾਇਬ੍ਰੇਰੀ ਲਾਲਾ ਲਛਮਨ ਦਾਸ ਸੂਦ ਵੱਲੋਂ ਸਾਲ 1938 ਵਿਚ ਬਣਾਈ ਗਈ ਇਮਾਰਤ ਵਿਚ ਚਲਾਈ ਜਾ ਰਹੀ ਹੈ ਜਿਸ ਦੀ ਹਾਲਤ ਕਾਫੀ ਖਰਾਬ ਹੋਣ ਕਾਰਨ ਇਸ ਵਿਚ ਅਖਬਾਰਾਂ ਪੜਨ ਲਈ ਆਉਣ ਵਾਲੇ ਲੋਕਾਂ ਵੱਲੋਂ ਇਸ ਵਿਚ ਬੁਨੀਆਦੀ ਸਹੂਲਤਾਂ ਦੇਣ ਦੀ ਮੰਗ ਕੀਤੀ ਜਾ ਰਹੀ ਸੀ। ਲੋਕਾਂ ਦੀ ਮੰਗ ਨੂੰ ਦੇਖਦੇ ਹੋਏ ਇਸ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ। ਨਵੀਨੀਕਰਨ ਦੇ ਚੱਲ ਰਹੇ ਕੰਮ ਦੀ ਜਾਣਕਾਰੀ ਲੈਣ ਲਈ ਮੁੱਖ ਮੰਤਰੀ ਪੰਜਾਬ ਦੇ ਰਾਜਨੀਤੀਕ ਸਲਾਹਕਾਰ ਤਿਕਸ਼ਨ ਸੂਦ ਵਿਸ਼ੇਸ਼ ਤੌਰ ਤੇ ਪਹੁੰਚੇ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ, ਕਾਰਜਕਾਰੀ ਇੰਜੀਨੀਅਰ ਸਤੀਸ਼ ਸੈਣੀ, ਐਸ.ਡੀ.ਓ ਕੁਲਦੀਪ ਸਿੰਘ, ਜੇ.ਈ ਗੁਰਪ੍ਰੀਤ ਸਿੰਘ, ਇੰਸਪੈਕਟਰ ਰਵਿੰਦਰ ਠਾਕੁਰ, ਵਿਨੋਦ ਪਰਮਾਰ, ਵਿਜੇ ਪਠਾਨੀਆਂ, ਕੌਂਸਲਰ ਸੁਰੇਸ਼ ਭਾਟੀਆ ਬਿੱਟੂ, ਰਾਮ ਦੇਵ ਯਾਦਵ ਵੀ ਇਸ ਮੌਕੇ ਤੇ ਉਹਨਾਂ ਦੇ ਨਾਲ ਸਨ। ਤਿਕਸ਼ਨ ਸੂਦ ਨੇ ਦੱਸਿਆ ਕਿ ਇਸ ਪੁਰਾਤਨ ਇਮਾਰਤ ਦਾ ਮੁੱਢਲਾ ਢਾਚਾਂ ਕਾਇਮ ਰੱਖਦੇ ਹੋਏ ਇਸ ਦੇ ਨਵੀਨੀਕਰਨ ਲਈ ਵਿਸ਼ੇਸ਼ ਦਿਸ਼ਾ-ਨਿਰਦੇਸ਼ ਦਿੱਤੇ ਗਏ ਹਨ। ਇਸ ਲਾਇਬ੍ਰੇਰੀ ਦੇ ਰਿਕਾਰਡ ਰੂਮ ਨੂੰ ਨਵਨਿਰਮਿਤ ਕਰਕੇ ਆਧੁਨਿਕ ਸ਼ਕਲ ਦਿੱਤੀ ਗਈ ਹੈ ਅਤੇ ਆਧੁਨਿਕ ਸੁਵਿਧਾਵਾਂ ਵੀ ਮੁਹੱਈਆਂ ਕਰਵਾਈਆਂ ਗਈਆਂ ਹਨ। ਲਾਇਬ੍ਰੇਰੀ ਵਿਚ ਨਵੀਆਂ ਕੁਰਸੀਆਂ, ਟੇਬਲ, ਕਿਤਾਬਾਂ ਰੱਖਣ ਲਈ ਅਲਮਾਰੀਆਂ ਆਦਿ ਵੀ ਖਰੀਦ ਕੀਤੇ ਜਾ ਰਹੇ ਹਨ।ਉਹਨਾਂ ਦੇ ਸਬੰਧਤ ਅਧਿਕਾਰੀਆਂ ਨੂੰ ਕਿਹਾ ਕਿ ਲਾਇਬ੍ਰੇਰੀ ਦੇ ਦੂਸਰੇ ਕਮਰੇ ਦਾ ਵੀ ਨਵੀਨੀਕਰਨ ਕੀਤਾ ਜਾਵੇ ਅਤੇ ਇਸ ਦੇ ਬਰਾਂਡੇ ਨੂੰ ਵੀ ਨਵੀ ਦਿੱਖ ਦਿੱਤੀ ਜਾਵੇ ਤਾਂ ਜ਼ੋ ਇੱਥੇ ਆਉਣ ਵਾਲੇ ਪਾਠਕਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦਿੱਤੀਆਂ ਜਾ ਸਕਨ। ਉਹਨਾਂ ਦੱਸਿਆ ਕਿ ਲਾਇਬ੍ਰੇਰੀ ਦੇ ਨਵੀਨੀਕਰਨ ਨਾਲ ਸ਼ਹਿਰ ਦੀ ਸੁੰਦਰਤਾ ਨੂੰ ਚਾਰ ਚੰਦ ਲੱਗਣਗੇ।